# ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ : ਸਭਿਆਚਾਰਕ ਤੇ ਇਤਿਹਾਸਕ ਮਹੱਤਵ

(ਭਾਰਤੀ ਸਭਿਅਤਾ ਦੇ ਵਿਸ਼ੇਸ਼ ਸੰਦਰਭ ਵਿਚ)

ਜਗਬੀਰ ਸਿੰਘ*

ਅੱਜ ਤੋਂ ਤਕਰੀਬਨ ਸਾਢੇ ਤਿੰਨ ਸੌ ਸਾਲ ਪਹਿਲਾਂ ਪੰਜਾਬ ਦੀ ਧਰਤੀ ਉੱਤੇ ਸ੍ਰੀ ਅਨੰਦਪੁਰ ਸਾਹਿਬ ਦੇ ਪਾਵਨ ਸ਼ਹਿਰ ਦੀ ਸਥਾਪਨਾ ਹੋਈ। ਸਿਖ-ਧਰਮ ਦੇ ਇਤਿਹਾਸ ਵਿਚ ਵਾਪਰਨ ਵਾਲੀ ਇਹ ਇਕ ਅਜਿਹੀ ਅਦੁੱਤੀ ਘਟਨਾ ਹੈ ਜੋ ਸਿਖੀ ਜੀਵਨ-ਜਾਚ ਅਤੇ ਰਹਿਤ-ਮਰਯਾਦਾ ਦੇ ਖੇਤਰ ਵਿਚ ਮੌਲਿਕ ਰੂਪਾਂਤਰਣ ਦਾ ਸਰ-ਚਸ਼ਮਾ ਬਣ ਕੇ ਉਜਾਗਰ ਹੁੰਦੀ ਹੈ। ਸਿਖ ਧਰਮ ਦੇ ਤੀਸਰੇ ਮਹੱਵਪੂਰਣ ਤੱਖ਼ਤ ਵਜੋਂ ਪ੍ਰਸਿਧੀ ਹਾਸਿਲ ਕਰਨ ਵਾਲੇ ਇਸ ਪਾਵਨ ਨਗਰ ਦੀ ਸਥਾਪਨਾ ਦਾ ਮੁੱਢ 1665 ਈਸਵੀ ਨੂੰ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ਬੰਨ੍ਹਿਆਂ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਦੀ ਬੁਨਿਆਦ ਭਾਈ ਗੁਰਦਿੱਤਾ ਜੀ ਵਲੋਂ 19 ਜੂਨ, 1665 ਨੂੰ ਪਿੰਡ ਮਾਖੋਵਾਲ ਦੇ ਪਰਾਣੇ ਥੇਹ ਉੱਤੇ ਰੱਖੀ ਗਈ ਅਤੇ ਇਸ ਨਵੇਂ ਸਥਾਨ ਨੂੰ 'ਚੱਕ ਨਾਨਕੀ' ਦਾ ਨਾਮ ਦਿੱਤਾ ਗਿਆ। ਗੁਰੂ ਸਾਹਿਬ ਦੁਆਰਾ ਕੀਤੀ ਗਈ ਇਸ ਸਥਾਨ ਦੀ ਚੋਣ ਕਈ ਪੱਖਾਂ ਤੋਂ ਮਹੱਤਵਪੂਰਣ ਸੀ। ਇਸਦੇ ਪੂਰਬ ਵਲ ਸ਼ਿਵਾਲਕ ਦੀਆਂ ਪਹਾੜੀਆਂ ਹਨ ਅਤੇ ਦੂਰ ਪੱਛਮ ਵਲ ਸਤਲੁਜ ਦਰਿਆ ਵਗਦਾ ਹੈ। ਅਧਿਆਤਮਕ ਚਿੰਤਨ ਅਤੇ ਬੌਧਿਕ ਉਪਰਾਲਿਆਂ ਲਈ ਇਹ ਸ਼ਾਂਤਮਈ ਸਥਾਨ ਬਹੁਤ ਢੁਕਵਾਂ ਸੀ। ਇਸ ਤੋਂ ਇਲਾਵਾ ਇਹ ਸਥਾਨ ਮੁਗ਼ਲ ਹਕੂਮਤ ਨਾਲ ਕਿਸੇ ਸੰਭਾਵੀ ਟਕਰਾਉ ਦੇ ਮੱਦੇਨਜ਼ਰ ਮੁਕਾਬਲਤਨ ਸੁਰੱਖਿਅਤ ਵੀ ਸੀ।[1] ਦਸਵੇਂ ਪਾਤਸ਼ਾਹ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਦੇ ਤਕਰੀਬਨ 25 ਵਰ੍ਹੇ ਇੱਥੇ ਹੀ ਗ਼ੁਜ਼ਾਰੇ ਅਤੇ ਇਸੇ ਦੌਰਾਨ ਹੀ ਇਹ ਨਗਰ ਅਪਣੀ ਸ਼ੁਹਰਤ ਦੀ ਬੁਲੰਦੀ ਤੇ ਅਪੜਿਆ। ਮਹੱਤਵਪੂਰਣ ਗੱਲ ਇਹ ਹੈ ਕਿ ਇਸ ਪਾਵਨ ਨਗਰ ਨਾਲ ਸਿਖ ਧਰਮ, ਸਭਿਆਚਾਰ ਅਤੇ ਇਤਿਹਾਸ ਦੀਆਂ ਅਜਿਹੀਆਂ ਗੌਰਵਮਈ ਰਵਾਇਤਾਂ ਜੁੜੀਆਂ ਹੋਈਆਂ ਹਨ ਜੋ ਸਿਖ-ਜਗਤ ਲਈ ਪ੍ਰੇਰਣਾ ਤੇ ਅਗਵਾਈ ਦਾ ਸਦੀਵੀ ਸਰੋਤ ਹਨ।

ਹਿੰਦੁਸਤਾਨ ਦੇ ਇਤਿਹਾਸ ਵਿਚ ਨਵੇਂ ਸ਼ਹਿਰਾਂ ਦੀ ਉਸਾਰੀ ਦਾ ਕਾਰਜ ਆਮ ਤੌਰ ਤੇ ਸਿਆਸੀ ਸੱਤਾ ਦੇ ਪ੍ਰਤੀਕ ਵਿਅਕਤੀਆਂ (ਰਾਜਿਆਂ, ਸੁਲਤਾਨਾਂ ਅਤੇ ਬਾਦਸ਼ਾਹਾਂ) ਵਲੋਂ ਹੁੰਦਾ ਰਿਹਾ ਹੈ। ਪਰ ਮੱਧਕਾਲੀਨ ਦੌਰ ਵਿਚ ਸਿਖ ਧਰਮ ਦੇ ਪ੍ਰਵਰਤਕਾਂ ਨੇ ਆਪਣੀ ਕ੍ਰਾਂਤੀਕਾਰੀ ਸੋਚ ਰਾਹੀਂ ਇਸ ਪਰੰਪਰਾ ਨੂੰ ਪਲਟਾ ਦਿੱਤਾ। ਗੁਰੂ ਸਾਹਿਬਾਨ ਨੇ ਆਪਣੇ ਰੂਹਾਨੀ

---

* ਪ੍ਰੋਫੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ, ਲਾਈਫ ਫੈਲੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਮਿਸ਼ਨ ਦੀ ਪੂਰਤੀ ਲਈ ਅਨੇਕਾਂ ਨਵੇਂ ਨਗਰਾਂ ਤੇ ਕਸਬਿਆਂ ਦੀ ਉਸਾਰੀ ਕੀਤੀ। ਪਰ ਇਹ ਸਿਰਫ਼ ਸਾਧਾਰਣ ਕਿਸਮ ਦੇ ਨਗਰ ਜਾਂ ਕਸਬੇ ਨਹੀਂ ਸਨ। ਇਨ੍ਹਾਂ ਦੀ ਸੰਕਲਪਨਾ ਤੇ ਸਥਾਪਨਾ ਦੇ ਪਿਛੋਕੜ ਵਿਚ ਕੋਈ ਨਾ ਕੋਈ ਰਮਜ਼ ਛੁਪੀ ਹੋਈ ਸੀ ਜੋ ਕਿਸੇ ਨਾ ਕਿਸੇ ਰੂਪ ਵਿਚ ਗੁਰੂ ਸਾਹਿਬਾਨ ਦੀ ਵਿਸ਼ਵ-ਦ੍ਰਿਸ਼ਟੀ ਤੇ ਜੀਵਨ-ਜਾਚ ਨੂੰ ਮੂਰਤੀਮਾਨ ਕਰਦੀ ਹੈ।

ਇਸ ਤੱਥ ਦੀ ਸੱਭ ਤੋਂ ਪਹਿਲੀ ਤੇ ਉੱਘੜਵੀਂ ਮਿਸਾਲ 'ਕਰਤਾਰਪੁਰ ਸਾਹਿਬ' (ਤਹਿਸੀਲ ਸ਼ੱਕਰਗੜ੍ਹ, ਜ਼ਿਲਾ ਨਾਰੋਵਾਲ, ਪਾਕਿਸਤਾਨ) ਦੀ ਸਥਾਪਨਾ ਦੇ ਰੂਪ ਵਿਚ ਸਾਮ੍ਹਣੇ ਆਉਂਦੀ ਹੈ। ਅੱਜ ਤੋਂ ਤਕਰੀਬਨ 500 ਸਾਲ ਪਹਿਲਾਂ ਸਿਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਨੇ ਇਸ ਨਗਰ ਦੀ ਉਸਾਰੀ ਕੀਤੀ। ਇੱਥੇ ਉਨ੍ਹਾਂ ਨੇ ਆਪਣੇ ਜੀਵਨ ਦੇ ਆਖਰੀ ਵਰ੍ਹੇ ਬਿਤਾਏ ਅਤੇ ਆਪਣੇ ਜੀਵਨ-ਵਿਹਾਰ ਰਾਹੀਂ ਸਿਖ ਜੀਵਨ-ਜਾਚ ਦਾ ਆਦਰਸ਼ਕ ਮਾੱਡਲ ਪ੍ਰਦਾਨ ਕੀਤਾ। ਕੁਝ ਵਿਦਵਾਨਾਂ ਦਾ ਮਤ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਨਗਰ ਦਾ ਨਿਰਮਾਨ ਤੀਸਰੀ ਉਦਾਸੀ ਤੋਂ ਬਾਦ ਕੀਤਾ ਜਦੋਂ ਕਿ ਹੋਰਨਾਂ ਵਿਦਵਾਨਾਂ ਅਨੁਸਾਰ ਇਸ ਦਾ ਨਿਰਮਾਨ 1516 ਈ. ਨੂੰ ਹੋਇਆ ਜਦੋਂ ਉਹ ਆਪਣੀ ਪਹਿਲੀ ਉਦਾਸੀ ਤੋਂ ਬਾਦ 1515 ਨੂੰ ਵਾਪਸ ਪਰਤੇ ਸਨ।[2] ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿਖੀ ਜੀਵਨ-ਜਾਚ ਦਾ ਵਿਹਾਰਕ ਮਾੱਡਲ ਉਸਾਰਨ ਅਤੇ ਭਾਰਤੀ ਧਰਮ-ਪਰੰਪਰਾਵਾਂ ਦੇ ਅੰਤਰਗਤ ਸਿਖ ਧਰਮ ਦੀ ਨਵੇਕਲੀ ਹਸਤੀ ਅਤੇ ਹੋਂਦ ਨੂੰ ਸਥਾਪਿਤ ਕਰਨ ਵਿਚ ਇਸ ਪਾਵਨ ਨਗਰ ਨੇ ਵਿਸ਼ੇਸ਼ ਭੂਮਿਕਾ ਨਿਭਾਈ। ਇਸ ਮੰਤਵ ਲਈ ਭਾਈ ਗੁਰਦਾਸ ਜੀ ਦੀਆਂ ਨਿਮਨ-ਅੰਕਿਤ ਪੰਗਤੀਆਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ:

ਬਾਬਾ ਆਇਆ ਕਰਤਾਰਪੁਰ ਭੇਖ ਉਦਾਸੀ ਸਗਲ ਉਤਾਰਾ॥
ਪਹਿਰ ਸੰਸਾਰੀ ਕਪੜੇ ਮੰਜੀ ਬੈਠ ਕੀਆ ਅਵਤਾਰਾ॥
ਉਲਟੀ ਗੰਗ ਵਹਾਈਓਨ ਗੁਰ ਅੰਗਦ ਸਿਰ ਉਪਰ ਧਾਰਾ॥
ਪੁਤੀਂ ਕੌਲ ਨ ਪਾਲਿਆ ਮਨ ਖੋਟੇ ਆਕੀ ਨਸਿਆਰਾ॥
ਬਾਣੀ ਮੁਖਹੁ ਉਚਾਰੀਐ ਹੋਇ ਰੁਸ਼ਨਾਈ ਮਿਟੈ ਅੰਧਾਰਾ॥
ਗਿਆਨ ਗੋਸ਼ ਚਰਚਾ ਸਦਾ ਅਨਹਦ ਸ਼ਬਦ ਉਠੇ ਧੁਨਕਾਰਾ॥
ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪ ਉਚਾਰਾ॥
ਗੁਰਮੁਖ ਭਾਰ ਅਥਰਬਣ ਧਾਰਾ ॥੩੮॥

- - - - - - - -

ਜ਼ਿਆਰਤ ਕਰ ਮੁਲਤਾਨ ਦੀ ਫਿਰ ਕਰਤਾਰਪੁਰੇ ਨੂੰ ਆਯਾ॥

ਚੜ੍ਹੇ ਸਵਾਈ ਦਹਦਿਹੀ ਕਲਿਜੁਗ ਨਾਨਕ ਨਾਮ ਧਿਆਯਾ॥

ਵਿਣ ਨਾਵੈ ਹੋਰ ਮੰਗਣਾ ਸਿਰ ਦੁਖਾਂ ਦੇ ਦੁਖ ਸਬਾਯਾ॥

ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਯਾ॥

(ਵਾਰਾਂ ਭਾਈ ਗੁਰਦਾਸ ਜੀ)

ਇਸ ਤਰ੍ਹਾਂ ਸਿਖ ਧਰਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦਾ ਵਰੋਸਾਇਆ ਨਗਰ 'ਕਰਤਾਰਪੁਰ ਸਾਹਿਬ' ਸਿਖ ਧਰਮ ਦੀ ਵਿਲੱਖਣ ਜੀਵਨ-ਵਿਧੀ ਤੇ ਨਵੇਕਲੀ ਸਭਿਆਚਾਰਕ ਪਛਾਣ ਦਾ ਪ੍ਰਤੀਕ ਬਣ ਜਾਂਦਾ ਹੈ। ਗੁਰੂ ਸਾਹਿਬਾਨ ਦੁਆਰਾ ਉਸਾਰੇ ਹੋਰਨਾਂ ਪਾਵਨ ਨਗਰਾਂ ਦੇ ਸੰਦਰਭ ਵਿਚ ਵੀ ਇਸੇ ਕਿਸਮ ਦੀ ਸਥਿਤੀ ਸਾਮ੍ਹਣੇ ਆਉਂਦੀ ਹੈ। ਮਿਸਾਲ ਵਜੋਂ ਗੁਰੂ ਅੰਗਦ ਦੇਵ ਜੀ ਨੇ ਪੰਜਾਬ ਦੇ ਇਕ ਛੋਟੇ ਜਿਹੇ ਪਿੰਡ 'ਖਡੂਰ' ਨੂੰ ਅਜੋਕੇ 'ਖਡੂਰ ਸਾਹਿਬ' ਦੇ ਰੂਪ ਵਿਚ ਪਰਿਵਰਤਿਤ ਕੀਤਾ। ਇਸੇ ਤਰ੍ਹਾਂ ਗੁਰੂ ਅਮਰਦਾਸ ਜੀ ਨੇ 'ਗੋਇੰਦਵਾਲ ਸਾਹਿਬ' ਦੇ ਪਾਵਨ ਨਗਰ ਦਾ ਨਿਰਮਾਨ ਕੀਤਾ। ਗੁਰੂ ਰਾਮਦਾਸ ਜੀ ਨੇ 'ਗੁਰੂ ਕਾ ਚੱਕ' ਦੇ ਰੂਪ ਵਿਚ 'ਰਾਮਦਾਸ ਪੁਰ' ਦਾ ਨਿਰਮਾਨ ਕੀਤਾ ਜੋ ਬਾਦ ਵਿਚ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਨਾਮ ਨਾਲ ਪ੍ਰਸਿੱਧ ਹੋਇਆ। ਇਨ੍ਹਾਂ ਨੇ ਤਰਨ ਤਾਰਨ, ਛੇਹਰਟਾ, ਹਰਗੋਬਿੰਦ ਪੁਰ ਅਤੇ ਕਰਤਾਰਪੁਰ (ਜ਼ਿਲਾ ਜਲੰਧਰ) ਵਰਗੇ ਨਵੇਂ ਕਸਬਿਆਂ ਦੀ ਉਸਾਰੀ ਵੀ ਕੀਤੀ। ਇਸੇ ਤਰ੍ਹਾਂ ਗੁਰੂ ਹਰਗੋਬਿੰਦ ਸਾਹਿਬ ਨੇ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਨ ਦੇ ਨਾਲ ਨਾਲ ਅਜੋਕੇ 'ਕੀਰਤਪੁਰ ਸਾਹਿਬ' ਦਾ ਨਿਰਮਾਨ ਕੀਤਾ।

ਇਥੇ ਸਾਡਾ ਸਰੋਕਾਰ ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ ਅਤੇ ਇਸਦੇ ਸਭਿਆਚਾਰਕ ਤੇ ਇਤਿਹਾਸਕ ਮਹੱਤਵ ਨਾਲ ਹੈ। ਅਸੀਂ ਇਸ ਪਾਵਨ ਨਗਰ ਦੀ ਸਥਾਪਨਾ ਨੂੰ ਭਾਰਤੀ ਸਭਿਅਤਾ ਦੇ ਪਰਿਪੇਖ ਵਿਚ ਰੱਖ ਕੇ ਵਾਚਣ ਤੇ ਵਿਚਾਰਨ ਦਾ ਉਪਰਾਲਾ ਕੀਤਾ ਹੈ। ਕਾਰਨ ਇਹ ਹੈ ਕਿ ਇਸ ਪਾਵਨ ਨਗਰ ਨਾਲ ਸੰਬੰਧਿਤ ਘਟਨਾਵਾਂ ਤੇ ਰਵਾਇਤਾਂ ਨਿਰੋਲ ਸਿਖ-ਜਗਤ ਲਈ ਹੀ ਨਹੀਂ ਸਗੋਂ ਭਾਰਤੀ ਉਪ-ਮਹਾਂਦੀਪ ਦੇ ਵਿਆਪਕ ਪਰਿਪੇਖ ਵਿਚ ਵੀ ਅਤਿਅੰਤ ਮਹੱਤਵਪੂਰਣ ਹਨ। 'ਗੁਰੂ ਤੇਗ ਬਹਾਦਰ ਜੀ ਦੀ ਅਦੁੱਤੀ ਸ਼ਹਾਦਤ' ਅਤੇ 'ਖਾਲਸਾ ਪੰਥ ਦੀ ਸਿਰਜਣਾ' ਦਾ ਮੁੱਢ ਇਸੇ ਪਾਵਨ ਨਗਰ ਵਿਚ ਹੀ ਬੱਝਦਾ ਹੈ। ਗੁਰੂ ਸਾਹਿਬਾਨ ਦੇ ਧਰਮ-ਰੱਖਿਅਕ ਬਿੰਬ ਦੀ ਉਸਾਰੀ ਕਰਨ ਵਾਲੀਆਂ ਇਹ ਦੋਵੇਂ ਘਟਨਾਵਾਂ ਇਤਿਹਾਸਕ ਦ੍ਰਿਸ਼ਟੀ ਤੋਂ ਅਦੁੱਤੀ ਅਤੇ ਸਰਬ-ਭਾਰਤੀ ਮਹੱਤਵ ਵਾਲੀਆਂ ਹਨ।

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਧਾਰਮਿਕ ਅਸਹਿਨਸ਼ੀਲਤਾ ਤੇ ਦਮਨਕਾਰੀ ਤੰਤਰ ਦੇ ਖਿਲਾਫ਼ ਨਾਬਰੀ ਦਾ ਸ਼ਾਂਤਮਈ ਐਲਾਨ-ਨਾਮਾ ਹੈ। ਬਹੁ-ਪ੍ਰਚੱਲਤ ਰਵਾਇਤ ਅਨੁਸਾਰ, ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੀ ਕੱਟੜ ਮਜ਼ਹਬੀ ਨੀਤੀ ਅਤੇ ਜਬਰੀ ਧਰਮ ਪਰਿਵਰਤਨ ਦੇ ਸਤਾਏ ਕੁਝ ਕਸ਼ਮੀਰੀ ਪੰਡਤ ਕਿਰਪਾ ਰਾਮ ਦੱਤ ਦੀ ਅਗਵਾਈ ਵਿਚ ਗੁਰੂ ਤੇਗ ਬਹਾਦਰ ਜੀ ਪਾਸ ਅਨੰਦਪੁਰ ਸਾਹਿਬ ਆਉਂਦੇ ਹਨ। ਜਦੋਂ ਗੁਰੂ ਤੇਗ ਬਹਾਦਰ ਜੀ ਧਰਮ ਨੂੰ ਵਿਆਪਣ ਵਾਲੇ ਇਸ ਗੰਭੀਰ ਸੰਕਟ ਦੇ ਸਮਾਧਾਨ ਲਈ ਕਿਸੇ ਮਹਾਂ-ਪੁਰਖ ਦੇ ਬਲੀਦਾਨ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਦੇ ਬਾਲ-ਸਪੁੱਤਰ (ਗੁਰੂ) ਗੋਬਿੰਦ ਰਾਏ ਜੀ ਸਹਿਵਨ ਹੀ ਬੋਲ ਉੱਠਦੇ ਹਨ “ਪਿਤਾ ਜੀ ਤੁਹਾਡੇ ਤੋਂ ਵੱਡਾ ਹੋਰ ਕਿਹੜਾ ਮਹਾਂ-ਪੁਰਖ ਹੈ”। ਇਥੋਂ ਹੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਮੁੱਢ ਬੱਝਦਾ ਹੈ। ਉਹ ‘ਧਰਮ ਹੇਤ’ ਇਕ ਵੱਡਾ ਸਾਕਾ ਕਰਨ ਦੀ ਮਨਸ਼ਾ ਨਾਲ ਅਨੰਦਪੁਰ ਸਾਹਿਬ ਤੋਂ ਦਿੱਲੀ ਵਲ ਕੂਚ ਕਰ ਜਾਂਦੇ ਹਨ। ਇਸ ਤੱਥ ਦਾ ਸਭ ਤੋਂ ਪ੍ਰਭਾਵਸ਼ਾਲੀ ਤੇ ਮਾਰਮਿਕ ਪ੍ਰਗਟਾਵਾ ‘ਬਚਿੱਤਰ ਨਾਟਕ’ (ਦਸਮ ਗ੍ਰੰਥ) ਦੀਆਂ ਇਨ੍ਹਾਂ ਪੰਗਤੀਆਂ ਵਿਚ ਮਿਲਦਾ ਹੈ :

> ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨੋ ਬਡੋ ਕਲੂ ਮਹਿ ਸਾਕਾ।
>
> ਸਾਧਨ ਹੇਤਿ ਇਤਿ ਜਿਨਿ ਕਰੀ, ਸੀਸੁ ਦੀਆ ਪਰ ਸੀ ਨ ਉਚਰੀ। 13।
>
> . . . .
>
> ਠੀਕਰਿ ਫੋਰਿ ਦਿਲੀਸਿ ਸਿਰਿ ਪ੍ਰਭ ਪੁਰ ਕੀਆ ਪਯਾਨ।
>
> ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ। 15।
>
> ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ।
>
> ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ।16।
>
> (ਬਚਿੱਤਰ ਨਾਟਕ, ਦਸਮ ਗ੍ਰੰਥ)

ਗੁਰੂ ਤੇਗ ਬਹਾਦਰ ਜੀ ਵਲੋਂ ਧਰਮ ਦੀ ਰਾਖੀ ਲਈ ਦਿੱਤੀ ਗਈ ਇਹ ਲਾ-ਮਿਸਾਲ ਸ਼ਹਾਦਤ, ਦਹਿਸ਼ਤ ਤੇ ਦਮਨ ਦੇ ਸ਼ਿਕਾਰ ਭਾਰਤੀ ਲੋਕ-ਮਨ ਦੀ ਪੀੜਾ ਨੂੰ ਜ਼ੁਬਾਨ ਦਿੰਦੀ ਹੈ ਅਤੇ ਲੋਕਾਈ ਦੇ ਮਨ ਵਿਚ ਸਵੈਮਾਣ ਨਾਲ ਜਿਉਣ ਦਾ ਸੁਪਨਾ ਜਗਾਉਂਦੀ ਹੈ। ਇਹੀ ਅਸਹਿ ਪੀੜਾ ਮਗਰੋਂ ਜਾ ਕੇ ਜ਼ੁਲਮ ਦੇ ਖਿਲਾਫ਼ ਰੋਹ ਤੇ ਵਿਦਰੋਹ ਦੀ ਭੂਮਿਕਾ ਤਿਆਰ ਕਰਦੀ ਹੈ। ਦਿੱਲੀ ਵਲ ਕੂਚ ਕਰਨ ਤੋਂ ਪਹਿਲਾਂ ਗੁਰੂ ਤੇਗ ਬਹਾਦਰ ਜੀ, ਗੁਰਿਆਈ ਦੇ ਰੂਪ ਵਿਚ, ਧਰਮ ਦੀ ਰਾਖੀ ਦਾ ਜ਼ਿੰਮਾ ਬਾਲਕ ਗੋਬਿੰਦ ਰਾਏ ਨੂੰ ਸੌਂਪ ਜਾਂਦੇ ਹਨ। ਬਾਲ-ਗੁਰੂ ਦੇ ਮਨ ਵਿਚ ਸੰਕਟ-ਸਥਿਤੀ ਦੀ ਇਸ ਗੰਭੀਰਤਾ ਦਾ ਤਿੱਖਾ

ਅਹਿਸਾਸ ਮੌਜੂਦ ਸੀ। ਬਚਿੱਤਰ ਨਾਟਕ ਦੇ ਸ਼ਬਦਾਂ ਵਿਚ “ਜਬ ਹਮ ਧਰਮ ਕਰਮ ਮੋਂ ਆਏ ਦੇਵ ਲੋਕ ਤਬ ਪਿਤਾ ਸਿਧਾਏ”।

ਹੁਣ ਸ੍ਰੀ ਅਨੰਦਪੁਰ ਸਾਹਿਬ ਦਾ ਇਹੀ ਪਾਵਨ ਨਗਰ ਮਾਨਵ-ਦੋਖੀ ਤੇ ਅਤਿਆਚਾਰੀ ਸ਼ਾਸਨ ਦੇ ਖਿਲਾਫ਼ ਧਰਮ-ਯੁੱਧ ਛੇੜਨ ਦੀ ਤਿਆਰੀ ਦਾ ਮਰਕਜ਼ ਬਣ ਜਾਂਦਾ ਹੈ। ਇੱਥੇ ਹੀ ਗੁਰੂ ਗੋਬਿੰਦ ਰਾਏ 1699 ਨੂੰ ਵਿਸਾਖੀ ਵਾਲੇ ਦਿਨ ‘ਅੰਮ੍ਰਿਤ-ਸੰਚਾਰ’ ਰਾਹੀਂ ਖਾਲਸੇ ਦੀ ਸਾਜਨਾ ਕਰਦੇ ਹਨ ਅਤੇ ਖੁਦ ਵੀ ਅੰਮ੍ਰਿਤਧਾਰੀ ਹੋ ਕੇ ਗੋਬਿੰਦ ਰਾਏ ਤੋਂ ਗੁਰੂ ਗੋਬਿੰਦ ਸਿੰਘ ਬਣ ਜਾਂਦੇ ਹਨ। ‘ਖਾਲਸੇ ਦੀ ਸਾਜਨਾ’ ਦਾ ਮਕਸਦ ਨਿਰੋਲ ਰਾਜਨੀਤਕ ਨਹੀਂ ਸੀ ਸਗੋਂ ਧਰਮ ਦੀਆਂ ਮਾਨਵਵਾਦੀ ਕਦਰਾਂ-ਕੀਮਤਾਂ ਨੂੰ ਸਥਾਪਿਤ ਕਰਨਾ ਸੀ। ਇਸੇ ਲਈ ਗੁਰੂ ਗੋਬਿੰਦ ਸਿੰਘ ਖਾਲਸੇ ਨੂੰ ਅਕਾਲ ਪੁਰਖ ਦੀ ਫੌਜ ਦਾ ਨਾਮ ਦਿੰਦੇ ਹਨ ਜਿਸਦਾ ਮਨੋਰਥ ਜ਼ੁਲਮ ਤੇ ਅਤਿਆਚਾਰ ਦੇ ਖਿਲਾਫ਼ ਯੁੱਧ ਛੇੜਨਾ ਸੀ।

ਇਸ ਤਰ੍ਹਾਂ ਸਿਖ ਧਰਮ ਵਿਚ ‘ਖਾਲਸਾ ਪੰਥ’ ਦੇ ਹਵਾਲੇ ਨਾਲ ਇਕ ਕ੍ਰਾਂਤੀਕਾਰੀ ਪਰਿਵਰਤਨ ਵਾਪਰਦਾ ਹੈ। ਇਕ ਨਿਰੋਲ ਅਮਨ-ਪਸੰਦ ਧਾਰਮਿਕ ਲਹਿਰ, ਇਤਿਹਾਸਕ ਚੁਣੌਤੀਆਂ ਦੇ ਰੂ-ਬ-ਰੂ ਹੁੰਦੀ ਹੋਈ, ਨਿਆਂਸ਼ੀਲ ਵਿਦਰੋਹ ਅਤੇ ਸੰਘਰਸ਼ ਦੇ ਮਾਰਗ ਤੇ ਤੁਰ ਪੈਂਦੀ ਹੈ। ਇਹ ਭਗਤੀ ਅਤੇ ਸ਼ਕਤੀ ਦੇ ਸੁਮੇਲ ਰਾਹੀਂ ‘ਸੰਤ-ਸਿਪਾਹੀ’ ਦੇ ਰੂਪ ਵਿਚ ਇਕ ਨਵੇਂ ਮਾਨਵ ਦੀ ਸਿਰਜਣਾ ਕਰਦੀ ਹੈ। ਇਸ ਤਰ੍ਹਾਂ, ‘ਕਰਤਾਰਪੁਰ ਸਾਹਿਬ’ ਨਗਰ ਵਿਖੇ ਰੱਖੀ ਗਈ ‘ਨਿਰਮਲ ਪੰਥ’ ਦੀ ਨੀਂਹ ਹੁਣ ਸ੍ਰੀ ਅਨੰਦਪੁਰ ਸਾਹਿਬ ਵਿਖੇ ‘ਖਾਲਸਾ ਪੰਥ’ ਦੇ ਨਵੇਂ ਉਸਾਰ ਦਾ ਰੂਪ ਧਾਰ ਲੈਂਦੀ ਹੈ। ਇਹ ਗੁਰੂ ਗੋਬਿੰਦ ਸਿੰਘ ਦੀ ਮਹਾਂ-ਦ੍ਰਿਸ਼ਟੀ ਦਾ ਹੀ ਚਮਤਕਾਰ ਸੀ ਕਿ ਸਦੀਆਂ ਤੋਂ ਦਮਨ ਤੇ ਸ਼ੋਸ਼ਣ ਦਾ ਸੰਤਾਪ ਭੋਗਣ ਵਾਲੀ ਸਾਧਾਰਣ ਲੋਕਾਈ ਧਰਮ ਦੀ ਰਾਖੀ ਲਈ ਅਤਿਆਚਾਰੀ ਸ਼ਾਸਨ ਨਾਲ ਲੋਹਾ ਲੈਣ ਲਈ ਤਤਪਰ ਹੋ ਉਠਦੀ ਹੈ। ਪਰ ਇਹ ਧਰਮ-ਯੁੱਧ ਕਿਸੇ ਦੂਸਰੇ ਦੇ ਧਰਮ ਜਾਂ ਮਜ਼ਹਬ ਦੀ ਹਾਨੀ ਲਈ ਨਹੀਂ ਸਗੋਂ ਸਵੈ-ਧਰਮ ਦੀ ਰਾਖੀ ਤੇ ਅੰਤਹਕਰਨ ਦੀ ਆਜ਼ਾਦੀ ਲਈ ਸੀ। ਇਸ ਧਰਮ-ਯੁੱਧ ਦੇ ਪਿਛੋਕੜ ਵਿਚ ਧਰਮ ਦਾ ਉਹੀ ਸੰਕਲਪ ਕਾਰਜਸ਼ੀਲ ਹੈ ਜਿਸਦਾ ਨਿਰਮਾਨ ਭਾਰਤੀ ਉਪ-ਮਹਾਂਦੀਪ ਵਿਚ ਵਿਕਸਿਤ ਹੋਈ ਵਿਰਾਟ ਭਾਰਤੀ ਸਭਿਅਤਾ (Indic Civilization) ਦੇ ਅੰਤਰਗਤ ਹੋਇਆ ਹੈ। ‘ਬਚਿੱਤਰ ਨਾਟਕ’ ਦੀਆਂ ਨਿਮਨ-ਅੰਕਿਤ ਪੰਗਤੀਆਂ ਧਰਮ ਦੇ ਇਸੇ ਕਿਸਮ ਦੇ ਸੰਕਲਪ ਨੂੰ ਮੂਰਤੀਮਾਨ ਕਰਦੀਆਂ ਹਨ :

ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ।

ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸ਼ਟ ਦੋਖੀਅਨ ਪਕਰਿ ਪਛਾਰੋ।

ਯਾਹੀ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ।

ਧਰਮ ਚਲਾਵਨ ਸੰਤ ਉਬਾਰਨ, ਦੁਸ਼ਟ ਸਭਨ ਕਓ ਮੂਲ ਉਪਾਰਨ।

(ਬਚਿੱਤਰ ਨਾਟਕ, ਦਸਮ ਗ੍ਰੰਥ)

ਇੱਥੇ ਗੁਰੂ ਜੀ ਦੈਵੀ ਆਦੇਸ਼ ਦੇ ਹਵਾਲੇ ਨਾਲ ਆਪਣੇ ਜੀਵਨ ਦੇ ਪਰਮ ਮਨੋਰਥ ਨੂੰ ਪਰਿਭਾਸ਼ਿਤ ਕਰਦੇ ਹਨ ਜਿਸਦਾ ਕੇਂਦਰ-ਬਿੰਦੂ ਵਿਸ਼ਵ-ਵਿਆਪੀ ਨੈਤਿਕ ਵਿਧਾਨ ਜਾਂ ਧਰਮ ਹੈ। ਅਸਲ ਵਿਚ ਇਹ ਭਾਰਤੀ ਲੋਕ ਮਨ ਦੇ ਅਵਚੇਤਨ ਦੀ ਆਵਾਜ਼ ਹੈ ਜਿਸ ਨੂੰ ਗੁਰੂ ਜੀ ਆਪਣੇ ਅਨੋਖੇ ਅੰਦਾਜ਼ ਵਿਚ ਜ਼ੁਬਾਨ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ ਇਹ ਧਰਮ ਉਸ ਮਿਥਕ 'ਧੌਲ' ਦਾ ਪ੍ਰਤੀਕ ਹੈ ਜਿਸ ਦੇ ਆਸਰੇ ਦੁਨੀਆਂ ਟਿਕੀ ਹੋਈ ਹੈ – "ਧੌਲੁ ਧਰਮੁ ਦਇਆ ਕਾ ਪੂਤੁ ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥" ਦੂਸਰੇ ਸ਼ਬਦਾਂ ਵਿਚ ਧਰਮ ਸਮਾਜਿਕ ਵਿਵਸਥਾ ਵਿਚ ਸੰਤੁਲਨ ਪੈਦਾ ਕਰਨ ਵਾਲਾ ਨੈਤਿਕ ਪ੍ਰਬੰਧ ਹੈ। ਦਇਆ ਅਤੇ ਸੰਤੋਖ ਇਸ ਨੈਤਿਕ ਵਿਧਾਨ ਨੂੰ ਮਜ਼ਬੂਤੀ ਪ੍ਰਦਾਨ ਕਰਨ ਵਾਲੇ ਤੱਤ ਹਨ। ਨੈਤਿਕ ਗੁਣ ਵਜੋਂ 'ਦਇਆ' ਦਾ ਸੰਬੰਧ ਦੂਸਰੇ ਨਾਲ ਹੈ। ਦਇਆ ਨੀਵਿਆਂ ਤੇ ਨਿਤਾਣਿਆਂ ਉੱਤੇ ਕੀਤੀ ਜਾਂਦੀ ਹੈ ਜਦੋਂ ਕਿ 'ਸੰਤੋਖ' ਵਿਅਕਤੀ ਨੂੰ ਆਤਮ-ਸੰਜਮ ਸਿਖਾਉਂਦਾ ਹੈ। ਇਸ ਤਰ੍ਹਾਂ ਧਰਮੀ ਵਿਅਕਤੀ ਦਾ ਦਇਆਵਾਨ ਤੇ ਸੰਜਮੀ ਹੋਣਾ ਲਾਜ਼ਮੀ ਹੈ।

ਭਾਰਤ ਦੀ ਪ੍ਰਾਚੀਨ ਸਭਿਅਤਾ ਮੂਲਰੂਪ ਵਿਚ ਧਰਮ-ਕੇਂਦ੍ਰਿਤ ਸਭਿਅਤਾ ਹੈ। ਇਹ ਸਭਅਤਾ ਭਾਰਤ ਵਿਚ ਹਜ਼ਾਰਾਂ ਸਾਲਾਂ ਤੋਂ ਗਿਆਨ ਤੇ ਵਿਗਿਆਨ ਦੀ ਨਿਰੰਤਰ ਧਾਰਾ ਦੇ ਰੂਪ ਵਿਚ ਪ੍ਰਵਾਹਮਾਨ ਰਹੀ ਹੈ। ਇਸ ਸਭਿਅਤਾ ਦੀ ਪ੍ਰਾਚੀਨਤਾ ਤੇ ਜੀਵੰਤਤਾ ਬਾਰੇ ਗੱਲ ਕਰਦਿਆਂ 'ਤਰਾਨਾਏ ਹਿੰਦੀ' ਦੇ ਲੇਖਕ ਡਾ. ਮੁਹੰਮਦ ਇਕਬਾਲ ਨੇ ਆਖਿਆ ਸੀ :

ਕੁਛ ਬਾਤ ਹੇ ਕਿ ਹਸਤੀ ਮਿਟਤੀ ਨਹੀਂ ਹਮਾਰੀ, ਸਦੀਓਂ ਰਹਾ ਹੈ ਦੁਸ਼ਮਨ ਦੌਰੇ ਜ਼ਮਾ ਹਮਾਰਾ।

ਯੂਨਾਨੋ ਮਿਸਰੋ ਰੋਮਾ ਸਭ ਮਿਟ ਗਏ ਜਹਾਂ ਸੇ ਬਾਕੀ ਹੈ ਅਭੀ ਤਕ ਨਾਮੋ ਨਿਸ਼ਾਂ ਹਮਾਰਾ।

ਭਾਰਤੀ ਸਭਿਅਤਾ ਦੀ ਇਸ ਧਾਰਾ ਨੂੰ ਵਿਕਸਿਤ ਤੇ ਪ੍ਰਫੁਲਤ ਕਰਨ ਵਿਚ ਇਸੇ ਧਰਤੀ ਉੱਤੇ ਵਿਕਸਿਤ ਹੋਈਆਂ ਚਾਰ ਪ੍ਰਮੁੱਖ ਧਰਮ-ਪਰੰਪਰਾਵਾਂ (ਸਨਾਤਨ ਧਰਮ, ਬੁੱਧ ਧਰਮ, ਜੈਨ ਧਰਮ ਤੇ ਸਿਖ ਧਰਮ) ਨੇ ਵਡਮੁੱਲਾ ਤੇ ਬਰਾਬਰ ਦਾ ਯੋਗਦਾਨ ਪਾਇਆ ਹੈ। ਇਨ੍ਹਾਂ ਵਿਚੋਂ ਕਿਸੇ ਇਕ ਦੀ ਸਰਦਾਰੀ ਜਾਂ ਇਜਾਰੇਦਾਰੀ ਸਵੀਕਾਰ ਨਹੀਂ ਕੀਤੀ ਜਾ ਸਕਦੀ। ਸੱਚ ਤਾਂ ਇਹ ਹੈ ਕਿ ਇਨ੍ਹਾਂ ਧਰਮ-ਪਰੰਪਰਾਵਾਂ ਵਿਚਕਾਰ ਅੰਤਰ-ਸੰਵਾਦ ਦੀ ਪ੍ਰਕਿਰਿਆ ਵੀ ਨਾਲੋ ਨਾਲ ਤੁਰਦੀ ਰਹੀ ਹੈ ਜੋ ਇਨ੍ਹਾਂ ਨੂੰ ਨਿਰੰਤਰ ਊਰਜਾ ਪ੍ਰਦਾਨ ਕਰਦੀ ਰਹੀ ਹੈ। ਇਨ੍ਹਾਂ ਸਮੂਹ ਧਰਮ-ਪਰੰਪਰਾਵਾਂ ਵਿਚ ਵਿਸ਼ਵ-ਦ੍ਰਿਸ਼ਟੀ ਦੀ

ਬੁਨਿਆਦੀ ਸਾਂਝ ਦੇ ਬਾਵਜੂਦ ਇਨ੍ਹਾਂ ਦੀ ਆਪੋ ਆਪਣੀ ਸੁਤੰਤਰ ਹਸਤੀ ਤੇ ਹੋਂਦ ਹੈ। ਇਨ੍ਹਾਂ ਦੀਆਂ ਆਪੋ ਆਪਣੀਆਂ ਵਿਸ਼ਵਾਸ਼-ਪਰੰਪਰਾਵਾ ਤੇ ਰਹੁ-ਰੀਤਾਂ ਹਨ ਜੋ ਇਨ੍ਹਾਂ ਨੂੰ ਜੀਵਨ-ਜਾਚ ਦੇ ਆਧਾਰ ਤੇ ਵਿਲੱਖਣਤਾ ਪ੍ਰਦਾਨ ਕਰਦੀਆਂ ਹਨ। ਤੱਤ ਰੂਪ ਵਿਚ 'ਧਰਮ' ਇਕ ਹੈ ਜਦੋਂ ਕਿ 'ਮਤ' ਅਤੇ 'ਪੰਥ' ਅਨੇਕਾਂ ਹਨ। ਭਿੰਨਤਾਵਾਂ ਦਾ ਆਦਰ ਕਰਨ ਵਾਲੀ ਇਹ ਭਾਰਤੀ ਸਭਿਅਤਾ ਮਤ-ਭੇਦ ਨੂੰ ਪ੍ਰਵਾਨ ਕਰਦੀ ਹੈ ਪਰ ਮਨ-ਭੇਦ ਨੂੰ ਨਹੀਂ। ਮਿਸਾਲ ਵਜੋਂ ਪੰਜਾਬ ਦੀ ਧਰਤੀ ਉੱਤੇ ਰਚੇ ਗਏ ਦੁਨੀਆਂ ਦੇ ਸਭ ਤੋਂ ਪ੍ਰਾਚੀਨ ਗਿਆਨ-ਗ੍ਰੰਥ 'ਰਿਗਵੇਦ' ਦਾ ਹਵਾਲਾ ਦਿੱਤਾ ਜਾ ਸਕਦਾ ਹੈ :

ਏਕਮ ਸਦ ਵਿਪਰਾ ਬਹੁਧਾ ਵਦੰਤਿ

(ਅਰਥਾਤ ਸੱਚ ਇਕ ਹੈ ਪਰ ਵਿਦਵਾਨ ਲੋਕ ਇਸ ਨੂੰ ਅਨੇਕਾਂ ਨਾਮਾਂ ਨਾਲ ਪੁਕਾਰਦੇ ਹਨ।)

ਭਿੰਨਤਾਵਾਂ ਦਾ ਆਦਰ ਕਰਨ ਵਾਲੀ ਇਸ ਬਹੁਵਾਦੀ ਸੋਚ ਦਾ ਪ੍ਰਗਟਾਵਾ ਇਸ ਸਭਿਅਤਾ ਦੀਆਂ ਸਮੂਹ ਧਾਰਮਿਕ ਪਰੰਪਰਾਵਾਂ ਵਿਚ ਵੀ ਸਹਿਜੇ ਹੀ ਦ੍ਰਿਸ਼ਟੀਗੋਚਰ ਹੁੰਦਾ ਹੈ। ਮਿਸਾਲ ਵਜੋਂ ਗੁਰਬਾਣੀ ਦੀਆਂ ਨਿਮਨ-ਅੰਕਿਤ ਪੰਗਤੀਆਂ ਦੇਖੀਆਂ ਜਾ ਸਕਦੀਆਂ ਹਨ :

ਏਕਾ ਸੁਰਤਿ ਜੇਤੇ ਹੈ ਜੀਅ ॥ ਸੁਰਤਿ ਵਿਹੂਣਾ ਕੋਇ ਨ ਕੀਅ ॥<br>
ਜੇਹੀ ਸੁਰਤਿ ਤੇਹਾ ਤਿਨ ਰਾਹੁ ॥ ਲੇਖਾ ਇਕੋ ਆਵਹੁ ਜਾਹੁ ॥੧॥[3]

ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਉੱਤੇ ਸਾਜੇ ਖਾਲਸਾ ਪੰਥ ਨੇ ਵੀ ਧਰਮ ਅਤੇ ਧਾਰਮਿਕਤਾ ਨੂੰ ਇਨ੍ਹਾਂ ਹੀ ਅਰਥਾਂ ਵਿਚ ਗ੍ਰਹਿਣ ਕੀਤਾ ਹੈ। ਇਸ ਦੇ ਲਈ ਧਰਮ ਇਕ ਅਜਿਹਾ ਦੈਵੀ ਨੈਤਿਕ ਵਿਧਾਨ ਹੈ ਜੋ ਮਨੁੱਖੀ ਸਮਾਜ-ਸਭਿਆਚਾਰ ਵਿਚ ਇਕ-ਸੁਰਤਾ ਤੇ ਵਿਵਸਥਾ ਸਥਾਪਿਤ ਕਰਦਾ ਹੈ। ਖਾਲਸਾ ਪੰਥ ਦੀ ਜੀਵਨ-ਵਿਧੀ ਅਤੇ ਦਾਰਸ਼ਨਿਕ ਸੋਚ ਦਾ ਮੁੱਖ ਲੱਛਣ ਇਸ ਦੀ ਸਮੂਹ ਧਰਮਾਂ ਬਾਰੇ ਅਪਣਾਈ ਬਹੁਵਾਦੀ (pluralistic) ਪਹੁੰਚ ਹੈ। ਖਾਲਸਾ ਪੰਥ ਦੇ ਸਿਰਜਕ, ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦਾਂ ਵਿਚ :

ਕਹੂੰ ਬੇਦਿ ਰੀਤਿ ਕਹੂੰ ਤਾ ਸਿਉ ਬਿਪਰੀਤ<br>
ਕਹੂੰ ਤ੍ਰਿਗੁਨ ਅਤੀਤ ਕਹੂੰ ਸਰਗੁਨ ਸਮੇਤ ਹੋ ॥੧॥੧੧॥

(ਦਸਮ ਗ੍ਰੰਥ)

ਇਸ ਸੰਖੇਪ ਜਿਹੇ ਸੂਤਰ-ਕਥਨ ਵਿਚ ਬਹੁਵਾਦੀ ਸੋਚ ਦੀਆਂ ਰਮਜ਼ਾਂ ਛੁਪੀਆਂ ਹੋਈਆਂ ਹਨ। ਗੁਰੂ ਜੀ ਆਪਣੇ ਸਮਕਾਲੀ ਸਮਾਜ ਵਿਚ ਪ੍ਰਚੱਲਤ ਸਮੂਹ ਵਿਸ਼ਵਾਸ਼-ਪਰੰਪਰਾਵਾਂ ਅਤੇ ਧਾਰਮਿਕ ਰਹੁ-ਰੀਤਾਂ ਦੀ ਅਨੇਕਤਾ ਨੂੰ, ਭਿੰਨਤਾਵਾਂ

ਦਾ ਆਦਰ ਕਰਨ ਵਾਲੀ, ਏਕੱਤਵ ਦ੍ਰਿਸ਼ਟੀ ਨਾਲ ਦੇਖਦੇ ਹਨ। ਇਸੇ ਬਹੁਵਾਦੀ ਸੋਚ ਦਾ ਹੋਰ ਉਘੜਵਾਂ ਪ੍ਰਗਟਾਵਾ ਨਿਮਨ-ਅੰਕਿਤ ਪੰਗਤੀਆਂ ਵਿਚ ਦੇਖਣ ਨੂੰ ਮਿਲਦਾ ਹੈ :

ਦੇਹਰਾ ਮਸੀਤ ਸੋਈ ਪੂਜਾ ਅਓ ਨਿਵਾਜ ਅਓਈ, ਮਾਨਸ ਸਭੈ ਏਕ ਪੈ ਅਨੇਕ ਕਓ ਭ੍ਰਮਾਉ ਹੈ।

ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ, ਨਿਆਰੇ ਨਿਆਰੇ ਦੇਸਨ ਕੇ ਭੇਸ ਕਓ ਪ੍ਰਭਾਉ ਹੈ।

ਏਕੈ ਨੈਨ ਏਕੈ ਕਾਨ, ਏਕੇ ਦੇਹ ਏਕੈ ਬਾਨ, ਖਾਕ ਬਾਦ ਆਤਸ਼ ਅਓ ਆਬ ਕਓ ਰਲਾਉ ਹੈ।

ਅਲਾਹ ਅਭੇਖ ਸੋਈ, ਪੁਰਾਨ ਅਉ ਕੁਰਾਨ ਓਈ, ਏਕ ਹੀ ਸਰੂਪ ਸਭੈ ਏਕ ਹੀ ਬਨਾਓ ਹੈ।

. . . .

ਕੋਊ ਭਯੋ ਮੁਡਿਆ ਸਨਿਆਸੀ ਕੋਊ ਜੋਗੀ ਭਯੋ, ਕੋਊ ਬ੍ਰਹਮਚਾਰੀ ਕੋਊ ਜਤਿ ਅਨੁਮਾਨਬੋ।

ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ, ਮਾਨਸ ਕੀ ਜਾਤ ਸਭੈ ਏਕੇ ਪਹਿਚਾਨਬੋ।

(ਦਸਮ ਗ੍ਰੰਥ)

ਇਨ੍ਹਾਂ ਪੰਗਤੀਆਂ ਵਿਚ ਭਾਰਤੀ ਧਰਮ-ਪਰੰਪਰਾਵਾਂ ਦੇ ਨਾਲ ਨਾਲ ਇਸਲਾਮ ਦੀਆਂ ਵਿਸ਼ਵਾਸ਼-ਪਰੰਪਰਾਵਾਂ ਤੇ ਰਹੁ-ਰੀਤਾਂ ਨੂੰ ਵੀ ਸ਼ਾਮਿਲ ਕਰ ਲਿਆ ਗਿਆ ਹੈ। ਇਸ ਨਾਲ ਖਾਲਸੇ ਦੀ ਬਹੁਵਾਦੀ ਸੋਚ ਨੂੰ ਹੋਰ ਵਧੇਰੇ ਵਿਸਤਾਰ ਮਿਲਦਾ ਹੈ। ਇਸਲਾਮ ਦਾ ਸੰਬੰਧ ਦੁਨੀਆਂ ਦੀ ਉਸ ਵਿਰਾਟ ਸਭਿਅਤਾ ਨਾਲ ਹੈ ਜਿਸ ਨੂੰ ਅਬਰਾਹਮਿਕ (ਸੈਮਿਟਿਕ) ਸਭਿਅਤਾ (Abrahmic Civilization) ਆਖਿਆ ਜਾਂਦਾ ਹੈ। ਇਸ ਸਭਿਅਤਾ ਵਿਚ ਮੁੱਖ ਤੌਰ ਤੇ ਤਿੰਨ ਧਰਮ (ਯਹੂਦੀ ਧਰਮ, ਈਸਾਈ ਧਰਮ ਤੇ ਇਸਲਾਮ) ਸ਼ਾਮਿਲ ਹਨ। ਇਨ੍ਹਾਂ ਧਰਮਾਂ ਦੀ ਸਾਂਝ ਦਾ ਬੁਨਿਆਦੀ ਆਧਾਰ ਇਕ-ਈਸ਼ਵਰਵਾਦ (Monotheism) ਹੈ। ਅਰਥਾਤ ਇਹ ਸ੍ਰਿਸ਼ਟੀ ਦੇ ਕਰਤਾ (ਯਾਹਵੇ, ਗਾਡ, ਅਲਹਾ) ਨੂੰ ਪਾਰਗਾਮੀ ਹਸਤੀ ਦੇ ਰੂਪ ਵਿਚ ਪਰਿਭਾਸ਼ਿਤ ਕਰਦੇ ਹਨ। ਇਸ ਦੇ ਵਿਪਰੀਤ ਭਾਰਤੀ ਧਰਮ-ਪਰੰਪਰਾਵਾਂ 'ਬ੍ਰਹਮ' ਜਾਂ 'ਸ਼ੂਨਯ' ਦੇ ਹਵਾਲੇ ਨਾਲ ਸਰਬ-ਵਿਆਪੀ ਪਰਮ-ਹੋਂਦ (Ultimate Reality) ਦਾ ਸੰਕਲਪ ਸਥਾਪਿਤ ਕਰਦੀਆਂ ਹਨ।

ਗੁਰਬਾਣੀ ਮੱਧਕਾਲ ਵਿਚ ਇਸਲਾਮ ਦੇ ਮਾਧਿਅਮ ਰਾਹੀਂ ਭਾਰਤ ਵਿਚ ਪ੍ਰਵੇਸ਼ ਕਰਨ ਵਾਲੀ (ਉਪਰੋਕਤ) ਅਬਰਾਹਮਿਕ ਸਭਿਅਤਾ ਨਾਲ ਅੰਤਰ-ਮਤ ਸੰਵਾਦ (Interfaith Dialogue) ਰਚਾਉਂਦੀ ਹੈ ਅਤੇ ਦੋਹਾਂ ਵਿਚਕਾਰ ਰੂਹਾਨੀ ਸਾਂਝ ਦੇ ਸੂਤਰ ਤਲਾਸ਼ ਕਰਦੀ ਹੈ। ਮਿਸਾਲ ਦੇ ਤੌਰ ਤੇ ਗੁਬਾਣੀ ਵਿਚੋਂ ਦੋ ਹਵਾਲੇ ਦੇਣੇ ਉਚਿਤ ਜਾਪਦੇ ਹਨ :

ਕਹੁ ਨਾਨਕ ਗੁਰਿ ਖੋਏ ਭਰਮ ॥ ਏਕੋ ਅਲਹੁ ਪਾਰਬ੍ਰਹਮ ॥੫॥੩੪॥੪੫॥[4]

ਇਨ੍ਹਾਂ ਪੰਗਤੀਆਂ ਵਿਚ ਦੋਹਾਂ ਸਭਿਅਤਾਵਾਂ ਦੇ ਪਰਮ-ਪ੍ਰਤੀਕਾਂ (Prime Symbols) 'ਅਲਹੁ' ਅਤੇ 'ਪਾਰਬ੍ਰਹਮ' ਦੀ ਸੰਕਲਪੀ ਦੂਰੀ ਨੂੰ ਮਿਟਾ ਕੇ ਰੂਹਾਨੀ ਏਕਤਾ ਦਾ ਧਰਾਤਲ ਤਲਾਸ਼ ਕੀਤਾ ਗਿਆ ਹੈ। ਇਸੇ ਤਰ੍ਹਾਂ ਵਿਭਿੰਨ ਧਰਮਾਂ ਦੀਆਂ ਵਿਸ਼ਵਾਸ਼-ਪਰੰਪਰਾਵਾਂ ਤੇ ਰਹੁ-ਰੀਤਾਂ ਦੀ ਬਾਹਰ-ਮੁਖੀ ਭਿੰਨਤਾ ਦੇ ਅੰਤਰੀਵ ਵਿਚ ਲੁਕੀ ਰੂਹਾਨੀ ਏਕਤਾ ਵਲ ਸੰਕੇਤ ਕੀਤਾ ਗਿਆ ਹੈ :

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥੧॥
ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥੧॥ ਰਹਾਉ ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥੨॥
ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥੫॥੯॥[5]

ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਨੂੰ ਇਸੇ ਕਿਸਮ ਦੀ ਏਕੱਤਵ-ਬੁੱਧੀ ਪ੍ਰਦਾਨ ਕੀਤੀ ਜੋ ਮੁਗ਼ਲ ਹਾਕਮਾਂ ਨਾਲ ਧਰਮ-ਯੁੱਧ ਛੇੜਨ ਦੇ ਬਾਵਜੂਦ ਇਸਲਾਮ ਦਾ ਵਿਰੋਧ ਨਹੀਂ ਕਰਦੀ। ਇਹ ਸਿਖ ਧਰਮ ਅਤੇ ਖਾਲਸਾ ਪੰਥ ਦੀ ਭਾਰਤੀ ਸਭਿਅਤਾ ਨੂੰ ਬਹੁਤ ਵੱਡੀ ਦੇਣ ਮੰਨੀ ਜਾ ਸਕਦੀ ਹੈ। ਇਸ ਗੱਲ ਦਾ ਸਿਹਰਾ ਸਿਖ ਧਰਮ ਦੀ ਇਤਿਹਾਸਕ ਸਥਿਤੀ ਨੂੰ ਵੀ ਦਿੱਤਾ ਜਾ ਸਕਦਾ ਹੈ। ਸਿਖ ਧਰਮ ਭਾਰਤੀ ਸਭਿਅਤਾ ਦਾ ਸਭ ਤੋਂ ਨਵੀਨਤਮ ਧਰਮ ਹੈ। ਇਸ ਦੇ ਪ੍ਰਵਰਤਕ ਸਹਿਵਨ ਹੀ ਆਪਣੀਆਂ ਪੂਰਬ-ਕਾਲੀ ਤੇ ਸਮਕਾਲੀ ਧਾਰਮਿਕ ਪਰੰਪਰਾਵਾਂ ਨਾਲ ਸੰਵਾਦ ਰਚਾਉਣ ਦੀ ਸਥਿਤੀ ਵਿਚ ਸਨ ਤੇ ਉਹ ਅਜਿਹਾ ਕਰਦੇ ਵੀ ਹਨ। ਇਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਣ ਗੱਲ ਬਾਣੀਕਾਰਾਂ ਦਾ ਇਸਲਾਮ ਦੇ ਹਵਾਲੇ ਨਾਲ ਅਬਰਾਹਮਿਕ ਸਭਿਅਤਾ ਨਾਲ ਸੰਵਾਦ ਰਚਾਉਣਾ ਹੈ। ਇਸ ਤਰ੍ਹਾਂ ਸਿਖ ਧਰਮ ਅੰਤਰ-ਮਤ ਸੰਵਾਦ ਦੀ ਪ੍ਰਕਿਰਿਆ ਨੂੰ ਸਭਿਅਤਾਵਾਂ ਵਿਚਕਾਰ ਅੰਤਰ-ਸੰਵਾਦ (Inter-Civilizational Dialogue) ਦੇ ਰੂਪ ਬਦਲ ਦਿੰਦਾ ਹੈ। ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਜਦੋਂ ਸਭਿਅਤਾਵਾਂ ਦੇ ਟਕਰਾਉ (Clash of Civilizations) ਦੀਆਂ ਗੱਲਾਂ ਹੋ ਰਹੀਆਂ ਹਨ ਤਾਂ ਸਭਿਅਤਾਵਾਂ ਨੂੰ ਪਰਸਪਰ ਸੰਵਾਦ ਦੇ ਰਿਸ਼ਤੇ ਵਿਚ ਜੋੜਨਾ ਸਮੇਂ ਦੀ ਮੰਗ ਹੈ। ਭਾਰਤੀ ਸਭਿਅਤਾ ਦੀਆਂ ਸਮੂਹ ਧਰਮ-ਪਰੰਪਰਾਵਾਂ ਆਪਣੀ ਬਹੁਵਾਦੀ ਅਤੇ ਸਰਬ-ਗਰਾਹੀ ਸੋਚ ਸਦਕਾ ਇਸ ਸੰਵਾਦ ਨੂੰ ਉਸਾਰੂ ਦਿਸ਼ਾ

ਪ੍ਰਦਾਨ ਕਰ ਸਕਦੀਆਂ ਹਨ। ਸਿਖ ਧਰਮ ਅਤੇ ਖਾਲਸਾ ਪੰਥ ਦੀਆਂ ਅੰਤਰ-ਦ੍ਰਿਸ਼ਟੀਆਂ ਤਾਂ ਇਸ ਕਿਸਮ ਦੇ ਸੰਵਾਦ ਦੀ ਪ੍ਰਕਿਰਿਆ ਨੂੰ ਹੋਰ ਵੀ ਵਧੇਰੇ ਕਾਰਗਰ ਬਣਾ ਸਕਦੀਆਂ ਹਨ।

ਇਸ ਤਰ੍ਹਾਂ ਸ੍ਰੀ ਅਨੰਦਪੁਰ ਸਾਹਿਬ ਦੀ ਸਥਾਪਨਾ, ਸਭਿਆਚਾਰਕ ਤੇ ਇਤਿਹਾਸਕ ਦ੍ਰਿਸ਼ਟੀ ਤੋਂ, ਸਿਖ ਧਰਮ ਅਤੇ ਖਾਲਸਾ ਪੰਥ ਲਈ ਤਾਂ ਮਹੱਤਵਪੂਰਣ ਹੈ ਹੀ, ਇਸ ਧਰਤੀ ਤੇ ਉਪਜੀਆਂ ਦਾਰਸ਼ਨਿਕ ਅੰਤਰ-ਦ੍ਰਿਸ਼ਟੀਆਂ ਭਾਰਤੀ ਸਭਿਅਤਾ ਦੇ ਪਰਿਪੇਖ ਵਿਚ ਵੀ ਅਤਿਅੰਤ ਸਾਰਥਕ ਤੇ ਪ੍ਰਾਸੰਗਿਕ ਹਨ। ਮਹੱਤਵਪੂਰਣ ਗੱਲ ਇਹ ਹੈ ਕਿ ਖਾਲਸੇ ਦੀ ਬਹੁਵਾਦੀ ਸੋਚ ਆਪਣੇ ਵਿਰਸੇ ਦੀਆਂ ਗਿਆਨ-ਮੂਲਕ ਅੰਤਰ-ਦ੍ਰਿਸ਼ਟੀਆਂ ਰਾਹੀਂ ਵਿਭਿੰਨ ਧਰਮਾਂ ਤੇ ਸਭਿਅਤਾਵਾਂ ਨੂੰ ਅੰਤਰ-ਮਤ ਸੰਵਾਦ ਅਤੇ ਸ਼ਾਂਤਮਈ ਸਹਿ-ਹੋਂਦ ਦਾ ਮਾਰਗ ਸੁਝਾ ਸਕਦੀ ਹੈ। ਨਿਸ਼ਚੇ ਹੀ ਸ੍ਰੀ ਅਨੰਦਪੁਰ ਸਾਹਿਬ ਦੇ ਪਾਵਨ ਨਗਰ ਤੋਂ ਇਸ ਪ੍ਰਕਿਰਿਆ ਨੂੰ ਸਕਾਰਾਤਮਕ ਹੁਲਾਰਾ ਮਿਲ ਸਕਦਾ ਹੈ।

**ਟਿਪਣੀਆਂ ਤੇ ਹਵਾਲੇ:**

---

[1] "The site chosen by Guru Sahib, around the ruins of the ancient village of Makhowal, was very remarkable from a strategic point of view as it was surrounded by the river Satlej on one side as well as having hills and forest surrounding it as well. It proved to be a peaceful zone for meditation as well as for arts and intellectual activities. At the time it seemed safe from military interference and disturbances. The Sikhs had experienced Mughal invasions at Amritsar and Kartarpur in 1634 and 1635. Guru Tegh Bahadur Sahib had participated in these battles. Though Keeratpur Sahib had remained safe from Mughal attacks, the possibility always existed because Aurangzeb was sitting on the Delhi throne and he was known for his fanaticism." http://www.sikhiwiki.org/index.php/Anandpur

[2] "Although wherever he went, he set up the missionary centers, yet he wanted to set up a central place to co- ordinate the efforts and activities of his mission. Therefore he chose this place near Pakhokey along the bank of the river Ravi. When he broke this news to Chaudhry Ajita, he immediately agreed with him. The Chaudhry and many other people of that village denoted their land for the new town. The foundation of Kartarpur was started immediately. The Guru brought his parents to Kartarpur and so did Mardana. Morning and evening religious congregations were started." http://www.sikhzone.net/Sikh-Gurus/Guru-Nanak-Dev-Ji/5/

[3] ਸ੍ਰੀ ਗੁਰੂ ਗ੍ਰੰਥ ਸਾਹਿਬ, 24-25.

[4] ਸ੍ਰੀ ਗੁਰੂ ਗ੍ਰੰਥ ਸਾਹਿਬ, 897.

[5] ਸ੍ਰੀ ਗੁਰੂ ਗ੍ਰੰਥ ਸਾਹਿਬ, 885.